# ਦਫਤਰ : ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ, ਸ੍ਰੀ ਮੁਕਤਸਰ ਸਾਹਿਬ।

*ਟੈਲੀਫੋਨ ਅਤੇ ਫੈਕਸ ਨੰਬਰ 01633-262157*

---

ਵੱਲ,

ਪ੍ਰਧਾਨ,
ਸੰਤ ਕਬੀਰ ਕਾਲਜ ਆਫ ਐਜੂਕੇਸ਼ਨ,
(ਸੰਤ ਕਬੀਰ ਐਜੂਕੇਸ਼ਨਲ ਸੋਸਾਇਟੀ),
ਸ੍ਰੀ ਮੁਕਤਸਰ ਸਾਹਿਬ।

ਨੰਬਰ 7538 ਮਿਤੀ 29/1/19

ਵਿਸ਼ਾ ਲੈਡ ਅਪਰੋਚ ਐਨ.ਓ.ਸੀ. ਲਈ ਸਕੂਲ ਬਿਲਡਿੰਗ ਪਲਾਨ ਅਪਰੂਵ ਕਰਵਾਉਣ ਲਈ ਸਰਕਾਰੀ ਫੀਸ ਜਮ੍ਹਾਂ ਕਰਵਾਉਣ ਸਬੰਧੀ।

ਹਵਾਲਾ :- ਆਪ ਜੀ ਦੇ ਪੱਤਰ ਨੰ: 662 ਮਿਤੀ 16-10-2018 .

ਉਪਰੋਕਤ ਵਿਸ਼ੇ ਤੇ ਹਵਾਲੇ ਦੇ ਸਬੰਧ ਵਿੱਚ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ: 1 ਭਤੇਮ ਸ਼ਾਖਾ, ਸ੍ਰੀ ਮੁਕਤਸਰ ਸਾਹਿਬ ਦੀ ਰਿਪੋਰਟ/ਸਿਫਾਰਸ਼ ਨੂੰ ਮੁੱਖ ਰੱਖਦੇ ਹੋਏ **Sant Kabir Educational Society, Abohar road, Sri Muktsar Sahib** ਦੀ ਅਪਰੋਚ ਰੋਡ ਲਈ ਹੇਠ ਲਿਖੀਆ ਸ਼ਰਤਾਂ ਤੇ ਐਨ.ਓ.ਸੀ. ਜਾਰੀ ਕੀਤਾ ਜਾਂਦਾ ਹੈ ਜੀ:-

1. ਠੇਕੇਦਾਰ ਨੂੰ ਪੀ.ਡਬਲਯੂ.ਡੀ. ਅਧਿਕਾਰੀਆ ਵੱਲੋ ਸਮੇ-ਸਮੇ ਤੇ ਦਿੱਤੀਆ ਹਦਾਇਤਾਂ ਦੀ ਪਾਲਣਾ ਕਰਨ ਲਈ ਪਾਬੰਦ ਰਹਿਣਾ ਪਵੇਗਾ।
2. ਇਮਾਰਤ ਦਾ ਕਿਸੇ ਤਰ੍ਹਾਂ ਦਾ ਪਾਣੀ ਸੜਕ ਜਾਂ ਸੜਕ ਦੇ ਬਰਮਾਂ ਤੇ ਨਾ ਆਵੇ ਅਤੇ ਲੋਕ ਨਿਰਮਾਣ ਵਿਭਾਗ ਦੀ ਜਗ੍ਹਾਂ ਤੇ ਕੋਈ ਉਸਾਰੀ ਨਹੀ ਕੀਤੀ ਜਾਵੇਗੀ, ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ।
3. ਇਮਾਰਤ ਦੀ ਜਗ੍ਹਾਂ ਦੇ ਰਸਤੇ ਤੇ ਪਾਣੀ ਦੇ ਪਰਾਪਰ ਨਿਕਾਸ ਲਈ ਡਰੇਨ ਬਣਾਉਣੀ ਯਕੀਨੀ ਬਣਾਈ ਜਾਵੇ।
4. ਠੇਕੇਦਾਰ ਵੱਲੋਂ ਜਗ੍ਹਾਂ ਤੇ ਬਿਲਡਿੰਗ ਉਸਾਰੇ ਜਾਣ ਬਾਅਦ ਉਸਦਾ ਐਨ.ਓ.ਸੀ. ਲੈਣ ਲਈ ਪਾਬੰਦ ਹੋਵੇਗਾ ਅਤੇ ਇਮਾਰਤ ਦਾ ਸਾਈਨ ਬੋਰਡ ਲਗਾਉਣਾ ਯਕੀਨੀ ਬਣਾਇਆ ਜਾਵੇ।
5. ਪੁੱਡਾ ਐਕਟ/ਸਡਿਊਲ ਰੋਡਜ਼ ਐਕਟ/ਆਈ.ਆਰ.ਸੀ ਦੀਆਂ ਹਦਾਇਤਾਂ ਦੀ ਉਲੰਘਣਾ ਨਹੀ ਕੀਤੀ ਜਾਵੇਗੀ।
6. ਠੇਕੇਦਾਰ ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਚੰਡੀਗੜ੍ਹ ਜੀ ਦੇ ਨੋਟੀਫਿਕੇਸ਼ਨ ਨੰ: 5/13/2018-3BR3 /1294287/3 ਮਿਤੀ ਚੰਡੀਗੜ੍ਹ 10-08-2018 ਅਨੁਸਾਰ ਬਣਦੀ ਸਲਾਨਾ ਰਕਮ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵੇਗਾ।
7. ਠੇਕੇਦਾਰ ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਚੰਡੀਗੜ੍ਹ ਜੀ ਦੇ ਨੋਟੀਫਿਕੇਸ਼ਨ ਨੰ: 5/13/2018-3BR3 /1294287/3 ਮਿਤੀ ਚੰਡੀਗੜ੍ਹ 10-08-2018 ਅਨੁਸਾਰ ਡਰਾਫਟ ਨੰ: 165672 ਮਿਤੀ 16-10-2018 ਬਾਬਤ ਰਕਮ 150000/-ਰੁਪੈ ਜਮ੍ਹਾਂ ਕਰਵਾ ਦਿੱਤੀ ਹੈ ਅਤੇ ਇੰਸਪੈਕਸ਼ਨ ਫੀਸ ਡਰਾਫਟ ਨੰ: 165671 ਮਿਤੀ 16-10-2018 ਬਾਬਤ ਰਕਮ 5000/-ਰੁਪੈ ਜਮ੍ਹਾਂ ਕਰਵਾ ਦਿੱਤੀ ਹੈ।

ਜੇਕਰ ਉਪਰੋਕਤ ਸ਼ਰਤਾਂ ਦੀ ਪਾਲਣਾ ਨਹੀ ਹੁੰਦੀ ਤਾਂ ਇਹ ਐਨ.ਓ.ਸੀ. ਰੱਦ ਸਮਝਿਆ ਜਾਵੇਗੀ ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਭਤੇਮ, ਸ਼ਾਖਾ,
ਸ੍ਰੀ ਮੁਕਤਸਰ ਸਾਹਿਬ।

ਪਿੰਠ ਅੰਕਣ ਨੰ: ਮਿਤੀ

ਉਪਰੋਕਤ ਦਾ ਉਤਾਰਾ:-

1- ਜੁਆਇੰਟ ਸੈਕਟਰੀ, ਪੰਜਾਬ ਰੋਡਜ਼ ਬਰਿਜ਼ਜ਼ ਡਿਵੈਲਪਮੈਟ ਬੋਰਡ, ਐਸ.ਸੀ.ਓ. 61-62 ਫੇਜ਼-2 ਐਸ.ਏ.ਐਸ. ਨਗਰ, ਮੋਹਾਲੀ ਜੀ ਨੂੰ ਡਰਾਫਟ ਨੰ: 165672 ਮਿਤੀ 16-10-2018 ਬਾਬਤ ਰਕਮ 150000/-ਰੁਪੈ ਜਮ੍ਹਾਂ ਕਰਵਾ ਦਿੱਤੀ ਹੈ ਅਤੇ ਇੰਸਪੈਕਸ਼ਨ ਫੀਸ ਡਰਾਫਟ ਨੰ: 165671 ਮਿਤੀ 16-10-2018 ਬਾਬਤ ਰਕਮ 5000/-ਰੁਪੈ ਦੇ ਨਾਲ ਨੱਥੀ ਕਰਕੇ ਲੋੜੀਦੀ ਕਾਰਵਾਈ ਹਿੱਤ ਭੇਜੇ ਜਾਂਦੇ ਹਨ।

2- ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ: 1 ਭ ਤੇ ਮ ਸ਼ਾਖਾ, ਸ੍ਰੀ ਮੁਕਤਸਰ ਸਾਹਿਬ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰ: 6050 ਮਿਤੀ 06-11-18 ਦੇ ਸਬੰਧ ਵਿੱਚ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ।

ਨੱਥੀ/2 ਨੰਬਰਜ਼ ਡਰਾਫਟ ਲੜੀ ਨੰ: 1 ਲਈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਭਤੇਮ, ਸ਼ਾਖਾ,
ਸ੍ਰੀ ਮੁਕਤਸਰ ਸਾਹਿਬ।

C:br.All.section.NOC